ਮਿੱਠੇ ਬੱਚੇ:- "ਮਿੱਠੇ ਬੱਚੇ ਤੁਸੀਂ ਸੰਪੂਰਨ ਪਾਵਨ ਬਣਨਾ ਹੈ ਇਸ ਲਈ ਕਦੇ ਕਿਸੇ ਨੂੰ ਦੁੱਖ ਨਾ ਦੇਵੋ, ਕਰਮਿੰਦ੍ਰਿਆਂ ਨਾਲ ਕੋਈ ਵਿਕਰਮ ਨਾ ਹੋਵੇ, ਸਦਾ ਬਾਪ ਦੇ ਫਰਮਾਨ ਤੇ ਚਲਦੇ ਰਹੋ।"

ਪ੍ਰਸ਼ਨ:- ਪੱਥਰ ਤੋਂ ਪਾਰਸ ਬਣਨ ਦੀ ਯੁਕਤੀ ਕੀ ਹੈ? ਕਿਹੜੀ ਬਿਮਾਰੀ ਇਸ ਵਿੱਚ ਵਿਘਨ ਰੂਪ ਬਣਦੀ ਹੈ?

ਉੱਤਰ:- ਪੱਥਰ ਤੋਂ ਪਾਰਸ ਬਣਨ ਦੇ ਲਈ ਪੂਰਾ ਨਰਾਇਣੀ ਨਸ਼ਾ ਚਾਹੀਦਾ ਹੈ। ਦੇਹ - ਅਭਿਮਾਨ ਟੁੱਟਿਆ ਹੋਇਆ ਹੋਵੇ। ਇਹ ਦੇਹ - ਅਭਿਮਾਨ ਹੀ ਕੜੇ ਤੋਂ ਕੜੀ ਬਿਮਾਰੀ ਹੈ। ਜਦੋ ਤੱਕ ਦੇਹੀ - ਅਭਿਮਾਨੀ ਨਹੀਂ, ਉਦੋਂ ਤੱਕ ਪਾਰਸ ਨਹੀਂ ਬਣ ਸਕਦੇ। ਪਾਰਸ ਬਣਨ ਵਾਲੇ ਹੀ ਬਾਪ ਦੇ ਮਦਦਗਾਰ ਬਣ ਸਕਦੇ ਹਨ। 2. ਸਰਵਿਸ ਵੀ ਤੁਹਾਡੀ ਬੁੱਧੀ ਨੂੰ ਸੋਨੇ ਦੀ ਬਣਾ ਦੇਵੇਗੀ। ਇਸ ਲਈ ਪੜਾਈ ਤੇ ਪੂਰਾ ਅਟੈਂਸ਼ਨ ਦੇਵੋ।

ਓਮ ਸ਼ਾਂਤੀ। ਰੂਹਾਨੀ ਬੱਚਿਆਂ ਪ੍ਰਤੀ ਰੂਹਾਨੀ ਬਾਪ ਸਾਵਧਾਨੀ ਦਿੰਦੇ ਹਨ ਕਿ ਬੱਚੇ ਖ਼ੁੱਦ ਨੂੰ ਸੰਗਮਯੁਗੀ ਸਮਝੋ। ਸਤਿਯੁਗੀ ਤਾਂ ਨਹੀਂ ਸਮਝ ਸਕਦੇ ਹੋ। ਤੁਸੀਂ ਬ੍ਰਾਹਮਣ ਹੀ ਖ਼ੁਦ ਨੂੰ ਸੰਗਮਯੁਗੀ ਸਮਝਦੇ ਹੋ। ਹੋਰ ਤਾਂ ਸਭ ਆਪਣੇ ਨੂੰ ਕਲਯੁਗੀ ਸਮਝਦੇ ਹਨ। ਬੜਾ ਫਰਕ ਹੈ ਸਤਿਯੁੱਗ ਤੇ ਕਲਯੁੱਗ, ਸਵਰਗਵਾਸੀ ਜਾਂ ਨਰਕਵਾਸੀ। ਤੁਸੀਂ ਤੇ ਨਾ ਸਵਰਗਵਾਸੀ ਹੋ ਨਾ ਨਰਕਵਾਸੀ ਹੋ। ਤੁਸੀਂ ਹੋ ਪੁਰਸ਼ੋਤਮ ਸੰਗਮਵਾਸੀ। ਇਸ ਸੰਗਮਯੁਗ ਨੂੰ ਤੁਸੀਂ ਬ੍ਰਾਹਮਣ ਹੀ ਜਾਣਦੇ ਹੋ ਹੋਰ ਕੋਈ ਨਹੀਂ ਜਾਣਦੇ। ਤੁਸੀਂ ਭਾਵੇਂ ਜਾਣਦੇ ਵੀ ਹੋ ਪਰ ਭੁੱਲ ਜਾਂਦੇ ਹੋ। ਹੁਣ ਮਨੁੱਖਾਂ ਨੂੰ ਕਿਵੇਂ ਸਮਝਾਈਏ। ਉਹ ਤਾਂ ਰਾਵਣ ਦੀਆਂ ਜ਼ੰਜੀਰਾਂ ਵਿੱਚ ਫੱਸੇ ਹੋਏ ਹਨ। ਰਾਮਰਾਜ ਤੇ ਹੈ ਨਹੀਂ। ਰਾਵਣ ਨੂੰ ਸਾੜਦੇ ਰਹਿੰਦੇ ਹਨ, ਇਸ ਤੋਂ ਸਿੱਧ ਹੁੰਦਾ ਹੈ ਕਿ ਰਾਵਣ ਦਾ ਰਾਜ ਹੈ। ਰਾਮ ਰਾਜ ਕੀ ਹੈ ਅਤੇ ਰਾਵਣ ਰਾਜ ਕੀ ਹੈ, ਇਹ ਵੀ ਤੁਸੀਂ ਸਮਝਦੇ ਹੋ ਨੰਬਰਵਾਰ। ਬਾਪ ਸੰਗਮਯੁਗ ਤੇ ਆਉਂਦੇ ਹਨ ਤਾਂ ਇਹ ਤੁਲਨਾ ਵੀ ਹੁਣ ਹੀ ਕੀਤੀ ਜਾਂਦੀ ਹੈ ਸਤਿਯੁੱਗ ਅਤੇ ਕਲਯੁੱਗ ਦੀ। ਸਤਿਯੁੱਗ ਵਿੱਚ ਰਹਿਣ ਵਾਲਿਆਂ ਨੂੰ ਸਵਰਗਵਾਸੀ ਅਤੇ ਕਲਯੁੱਗ ਵਿੱਚ ਰਹਿਣ ਵਾਲਿਆਂ ਨੂੰ ਨਰਕਵਾਸੀ ਕਿਹਾ ਕਿਹਾ ਜਾਂਦਾ ਹੈ। ਸਵਰਗਵਾਸੀ ਨੂੰ ਪਾਵਨ ਅਤੇ ਨਰਕਵਾਸੀ ਨੂੰ ਪਤਿਤ ਕਹਿੰਦੇ ਹਨ। ਤੁਹਾਡੀ ਤਾਂ ਗੱਲ ਹੀ ਨਿਰਾਲੀ ਹੈ। ਤਾਂ ਤੁਸੀਂ ਇਸ ਪੁਰਸ਼ੋਤਮ ਯੁੱਗ ਨੂੰ ਜਾਣਦੇ ਹੋ। ਤੁਸੀਂ ਸਮਝਦੇ ਹੋ ਅਸੀਂ ਬ੍ਰਾਹਮਣ ਹਾਂ। ਵਰਣਾ ਵਾਲਾ ਚਿੱਤਰ ਵੀ ਬੜਾ ਵੱਧੀਆ ਹੈ। ਇਸ ਤੇ ਵੀ ਤੁਸੀਂ ਸਮਝਾ ਸਕਦੇ ਹੋ। ਕੰਨਟ੍ਰਾਸਟ ਦੱਸਣਾ ਚਾਹੀਦਾ ਹੈ, ਜੋ ਮਨੁੱਖ ਆਪਣੇ ਨੂੰ ਨਰਕਵਾਸੀ ਪਤਿਤ ਕੰਗਾਲ ਸਮਝਣ। ਲਿਖਣਾ ਚਾਹੀਦਾ ਹੈ ਕੀ ਇਹ ਪੁਰਾਣੀ ਕਲਯੁਗੀ ਦੁਨੀਆ ਹੈ। ਸਤਿਯੁੱਗ ਸਵਰਗ ਨਵੀ ਦੁਨੀਆਂ ਹੈ। ਤੁਸੀਂ ਨਰਕਵਾਸੀ ਹੋ ਜਾਂ ਸਵਰਗਵਾਸੀ ਹੋ? ਤੁਸੀਂ ਦੇਵਤਾ ਹੋ ਜਾਂ ਅਸੁਰ ਹੋ? ਇਸ ਤਰ੍ਹਾਂ ਤਾਂ ਕੋਈ ਨਹੀਂ ਕਹੇਗਾ ਕਿ ਅਸੀਂ ਸਵਰਗਵਾਸੀ ਹਾਂ। ਕਈ ਇਸ ਤਰ੍ਹਾਂ ਸਮਝਦੇ ਹਨ ਕਿ ਅਸੀਂ ਤਾਂ ਸਵਰਗ ਵਿੱਚ ਬੈਠੇ ਹਾਂ। ਅਰੇ ਇਹ ਤਾਂ ਨਰਕ ਹੈ। ਸਤਿਯੁੱਗ ਕਿੱਥੇ ਹੈ? ਇਥੇ ਰਾਵਣ ਦਾ ਰਾਜ ਹੈ, ਇਸਲਈ ਤਾਂ ਰਾਵਣ ਨੂੰ ਸਾੜਦੇ ਰਹਿੰਦੇ ਹਨ। ਉਨ੍ਹਾਂ ਕੋਲ ਵੀ ਕਿੰਨੇ ਜਵਾਬ ਹੁੰਦੇ ਹਨ। ਸਰਵਵਿਆਪੀ ਤੇ ਵੀ ਕਿੰਨੀ ਡੀਬੇਟ ਕਰਦੇ ਹਨ। ਤੁਸੀਂ ਬੱਚੇ ਤਾਂ ਇਕਦਮ ਕਲੀਅਰ ਪੁੱਛਦੇ ਹੋ – ਕਿ ਹੁਣ ਪੁਰਾਣੀ ਦੁਨੀਆਂ ਹੈ ਜਾਂ ਨਵੀ ਦੁਨੀਆਂ ਹੈ। ਇਸ ਤਰ੍ਹਾਂ ਕਲੀਅਰ ਕੰਨਟ੍ਰਾਂਸਟ ਦੱਸਣਾ ਹੈ, ਇਸ ਵਿੱਚ ਬ੍ਰੇਨ (ਬੁੱਧੀ) ਚਾਹੀਦੀ ਹੈ। ਇਸ ਤਰ੍ਹਾਂ ਯੁੱਕਤੀ ਨਾਲ ਲਿਖਣਾ ਚਾਹੀਦਾ ਹੈ ਜੋ ਮਨੁੱਖ ਆਪਣੇ ਤੋਂ ਪੁੱਛਣ ਕਿ ਅਸੀਂ ਨਰਕਵਾਸੀ ਹਾਂ ਜਾਂ ਸਵਰਗਵਾਸੀ ਹਾਂ? ਇਹ ਪੁਰਾਣੀ ਦੁਨੀਆ ਹੈ ਜਾਂ ਨਵੀ ਦੁਨੀਆ ਹੈ? ਇਹ ਰਾਮ ਰਾਜ ਹੈ ਜਾਂ ਰਾਵਣ ਦਾ ਰਾਜ ਹੈ? ਅਸੀਂ ਪੁਰਾਣੀ ਕਲਯੁੱਗੀ ਦੁਨੀਆਂ ਦੇ ਰਹਿਣ ਵਾਲੇ ਹਾਂ ਜਾਂ ਨਵੀ ਦੁਨੀਆਂ ਦੇ ਵਾਸੀ ਹਾਂ। ਹਿੰਦੀ ਵਿੱਚ ਲਿੱਖ ਕੇ ਫਿਰ ਅੰਗਰੇਜ਼ੀ, ਗੁਜਰਾਤੀ ਵਿੱਚ ਟ੍ਰਾਂਸਲੇਟ ਕਰੋ। ਤਾਂ ਮਨੁੱਖ ਆਪਣੇ ਤੋਂ ਪੁੱਛਣ ਕਿ ਅਸੀਂ ਕਿਥੋਂ ਦੇ ਰਹਿਣ ਵਾਲੇ ਹਾਂ। ਕੋਈ ਸ਼ਰੀਰ ਛੱਡਦਾ ਹੈ ਤਾਂ ਕਹਿੰਦੇ ਹਨ ਸਵਰਗ ਵਿੱਚ ਗਿਆ, ਪਰ ਹੁਣ ਸਵਰਗ ਹੈ ਕਿੱਥੇ? ਹੁਣ ਤਾਂ ਕਲਯੁੱਗ ਹੈ। ਜ਼ਰੂਰ ਪੁਨਰਜਨਮ ਵੀ ਇੱਥੇ ਹੀ ਲੈਣਗੇ ਨਾ। ਸਵਰਗ ਤਾਂ ਸਤਿਯੁੱਗ ਨੂੰ ਕਿਹਾ ਜਾਂਦਾ ਹੈ, ਉੱਥੇ ਅਜੇ ਕਿਵੇਂ ਜਾ ਸਕਦੇ ਹਾਂ। ਇਹ ਸਾਰੀਆਂ ਵਿਚਾਰ ਸਾਗਰ ਮੰਥਨ ਕਰਨ ਦੀਆਂ ਗੱਲਾਂ ਹਨ। ਇਸ ਤਰੀਕੇ ਦਾ ਕਲੀਅਰ ਕੰਨਟ੍ਰਾਂਸਟ ਹੋਵੇ, ਉਸ ਵਿੱਚ ਲਿੱਖ ਦੋ ਭਗਵਾਨੁਵਾਚ, ਹਰ ਇਕ ਆਪਣੇ ਤੋਂ ਪੁੱਛੇ ਕਿ ਮੈਂ ਰਾਮਰਾਜ ਨਿਵਾਸੀ ਹਾਂ ਜਾਂ ਕਲਯੁਗੀ ਰਾਵਣ ਰਾਜ ਦਾ ਨਿਵਾਸੀ ਹਾਂ? ਤੁਸੀਂ ਬ੍ਰਾਹਮਣ ਹੋ ਸੰਗਮਵਾਸੀ, ਤੁਹਾਨੂੰ ਤਾਂ ਕੋਈ ਜਾਣਦੇ ਨਹੀਂ ਹਨ। ਤੁਸੀਂ ਹੋ ਸਭ ਤੋਂ ਨਿਆਰੇ। ਤੁਸੀਂ ਸਤਿਯੁੱਗ ਕਲਯੁੱਗ ਨੂੰ ਚੰਗੀ ਤਰ੍ਹਾਂ ਜਾਣਦੇ ਹੋ। ਤੁਸੀਂ ਹੀ ਪੁੱਛ ਸਕਦੇ ਹੋ ਕਿ ਤੁਸੀਂ ਵਿਕਾਰੀ ਭ੍ਰਿਸ਼ਟਾਚਾਰੀ ਹੋ ਜਾਂ ਨਿਰਵਿਕਾਰੀ ਸ੍ਰੇਸ਼ਠਾਚਾਰੀ ਹੋ? ਇਹ ਤੁਹਾਡਾ ਕਿਤਾਬ ਵੀ ਬਣ ਸਕਦਾ ਹੈ। ਨਵੀਆਂ - ਨਵੀਆਂ ਗੱਲਾਂ ਕੱਢਣੀਆਂ ਪੈਣਗੀਆਂ, ਜਿਸਦੇ ਨਾਲ ਮਨੁੱਖ ਸਮਝ ਸਕਣ ਕਿ ਈਸ਼ਵਰ ਸਰਵਵਿਆਪੀ ਨਹੀਂ ਹੈ। ਤੁਹਾਡੀ ਇਹ ਲਿਖਤ ਦੇਖ ਖੁਦ ਹੀ ਅੰਦਰ ਤੋਂ ਪੁੱਛਣਗੇ, ਇਸ ਨੂੰ ਆਈਰਨ ਏਜ ਤਾਂ ਸਭ ਕਹਿਣਗੇ। ਸਤਿਯੁਗੀ ਡੀ.ਟੀ. ਰਾਜ ਤਾਂ ਇਸਨੂੰ ਕੋਈ ਕਹਿ ਨਹੀਂ ਸਕਦਾ। ਇਹ ਹੇਲ ਹੈ ਜਾਂ ਹੈਵਿਨ। ਇਸ ਤਰ੍ਹਾਂ ਫਸਟਕਲਾਸ ਲਿਖਤ ਲਿੱਖੋ ਜੋ ਮਨੁੱਖ ਸਮਝ ਜਾਣ ਕਿ ਬਰੋਬਰ ਅਸੀਂ ਨਰਕਵਾਸੀ ਪਤਿਤ ਹਾਂ। ਸਾਡੇ ਵਿੱਚ ਦੈਵੀ ਗੁਣ ਨਹੀਂ ਹਨ। ਕਲਯੁੱਗ ਵਿੱਚ ਸਤਿਯੁਗੀ ਕੋਈ ਹੋ ਨਹੀਂ ਸਕਦਾ। ਇਸ ਤਰ੍ਹਾਂ ਵਿਚਾਰ ਸਾਗਰ ਮੰਥਨ ਕਰ ਲਿਖਣਾ ਚਾਹੀਦਾ ਹੈ। ਜੋ ਓਟੇ ਸੋ ਅਰਜੁਨ... ਗੀਤਾ ਵਿੱਚ ਅਰਜੁਨ ਦਾ ਨਾਮ ਦਿੱਤਾ ਹੈ।

ਬਾਬਾ ਕਹਿੰਦੇ ਹਨ ਇਹ ਜੋ ਗੀਤਾ ਹੈ ਉਸ ਵਿੱਚ ਆਟੇ ਵਿੱਚ ਲੂਣ (ਨਮਕ) ਹੈ। ਲੂਣ ਅਤੇ ਖੰਡ ਵਿੱਚ ਕਿੰਨਾ ਫਰਕ ਹੈ... ਉਹ ਮਿੱਠਾ ਤੇ

ਇਹ ਖਾਰਾ। ਸ਼੍ਰੀਕ੍ਰਿਸ਼ਨ ਭਗਵਾਨੁਵਾਚ ਲਿੱਖ ਕੇ ਗੀਤਾ ਨੂੰ ਹੀ ਖਾਰੀ ਕਰ ਦਿੱਤਾ ਹੈ। ਮਨੁੱਖ ਕਿੰਨਾ ਦਲ-ਦਲ ਵਿੱਚ ਫੱਸੇ ਹੋਏ ਹਨ। ਵਿਚਾਰਿਆਂ ਨੂੰ ਗਿਆਨ ਦਾ ਰਾਜ਼ ਜ਼ਰਾ ਵੀ ਪਤਾ ਨਹੀਂ ਹੈ, ਗਿਆਨ ਭਗਵਾਨ ਤੁਹਾਨੂੰ ਹੀ ਸੁਣਾਉਂਦੇ ਹਨ ਹੋਰ ਕਿਸੇ ਨੂੰ ਪਤਾ ਨਹੀਂ ਹੈ। ਨਾਲੇਜ਼ ਤਾਂ ਬੜੀ ਸੌਖੀ ਹੈ। ਪਰ ਭਗਵਾਨ ਪੜਾਉਂਦੇ ਹਨ ਇਹ ਭੁੱਲ ਜਾਂਦੇ ਹਨ। ਟੀਚਰ ਨੂੰ ਹੀ ਭੁੱਲ ਜਾਂਦੇ ਹਨ। ਨਹੀਂ ਤਾਂ ਸਟੂਡੈਂਟ ਕਦੇ ਵੀ ਟੀਚਰ ਨੂੰ ਭੁੱਲ ਨਹੀਂ ਸਕਦੇ। ਘੜੀ-ਘੜੀ ਕਹਿੰਦੇ ਬਾਬਾ ਅਸੀਂ ਤੁਹਾਨੂੰ ਭੁੱਲ ਜਾਂਦੇ ਹਾਂ। ਬਾਬਾ ਕਹਿੰਦੇ ਹਨ, ਮਾਇਆ ਵੀ ਘੱਟ ਨਹੀਂ ਹੈ। ਤੁਸੀਂ ਦੇਹ - ਅਭਿਮਾਨੀ ਬਣ ਜਾਂਦੇ ਹੋ। ਬੜੇ ਵੀਕਰਮ ਬਣ ਜਾਂਦੇ ਹਨ। ਇਸ ਤਰ੍ਹਾਂ ਦਾ ਕੋਈ ਖਾਲੀ ਦਿਨ ਨਹੀਂ ਹੋਵੇਗਾ ਜਦੋਂ ਵੀਕਰਮ ਨਹੀਂ ਬਣਦੇ। ਇਕ ਮੁੱਖ ਵੀਕਰਮ ਇਹ ਕਰਦੇ ਜੋ ਬਾਬਾ ਦੇ ਫਰਮਾਨ ਨੂੰ ਹੀ ਭੁੱਲ ਜਾਂਦੇ ਹੋ। ਬਾਬਾ ਫਰਮਾਨ ਕਰਦੇ ਹਨ ਮਨਮਨਾਭਵ, ਆਪਣੇ ਆਪਨੂੰ ਆਤਮਾ ਸਮਝੋ। ਇਹ ਫਰਮਾਨ ਨਹੀਂ ਮੰਨਦੇ ਮਤਲਬ ਕਿ ਵਿਕਰਮ ਜਰੂਰ ਹੋਵੇਗਾ। ਬਹੁਤ ਪਾਪ ਹੋ ਜਾਂਦੇ ਹਨ। ਬਾਪ ਦਾ ਫਰਮਾਨ ਬੜਾ ਸੌਖਾ ਵੀ ਹੈ ਤੇ ਔਖਾ ਵੀ ਹੈ। ਕਿੰਨਾ ਵੀ ਮੱਥਾ ਮਾਰਨ ਫਿਰ ਵੀ ਭੁੱਲ ਜਾਂਦੇ ਹਨ ਕਿਉਂਕਿ ਅੱਧਾਕਲਪ ਦਾ ਦੇਹ - ਅਭਿਮਾਨ ਹੈ। 5 ਮਿੰਟ ਵੀ ਚੰਗੀ ਤਰ੍ਹਾਂ ਯਾਦ ਵਿੱਚ ਬੈਠ ਨਹੀਂ ਸਕਦੇ ਹਨ। ਜੇਕਰ ਸਾਰਾ ਦਿਨ ਯਾਦ ਵਿੱਚ ਰਹਿਣ ਤਾਂ ਕਰਮਾਤੀਤ ਅਵਸਥਾ ਹੋ ਜਾਵੇ। ਬਾਪ ਸਮਝਾਉਂਦੇ ਹਨ ਇਸ ਵਿੱਚ ਮੇਹਨਤ ਹੈ। ਤੁਸੀਂ ਉਹ ਜਿਸਮਾਨੀ ਪੜਾਈ ਤਾਂ ਚੰਗੀ ਤਰ੍ਹਾਂ ਪੜਦੇ ਹੋ। ਹਿਸਟ੍ਰੀ- ਜੋਗ੍ਰਫੀ ਪੜ੍ਹਨ ਦੀ ਕਿੰਨੀ ਪ੍ਰੈਕਟਿਸ ਹੈ। ਪ੍ਰੰਤੂ ਯਾਦ ਦੀ ਯਾਤਰਾ ਦਾ ਅਭਿਆਸ ਜ਼ਰਾ ਵੀ ਨਹੀਂ ਹੈ। ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰਨਾ - ਇਹ ਹੈ ਨਵੀਂ ਗੱਲ। ਵਿਵੇਕ ਕਹਿੰਦਾ ਹੈ ਅਜਿਹੇ ਬਾਪ ਨੂੰ ਚੰਗੀ ਤਰ੍ਹਾਂ ਯਾਦ ਕਰਨਾ ਚਾਹੀਦਾ ਹੈ। ਥੋੜਾ ਟਾਈਮ ਕੱਢ ਰੋਟੀ-ਟੁੱਕੜ ਖਾਂਦੇ ਹਨ, ਉਹ ਵੀ ਬਾਬਾ ਦੀ ਯਾਦ ਵਿੱਚ। ਜਿਨ੍ਹਾਂ ਯਾਦ ਵਿੱਚ ਰਹਾਂਗੇ ਉਨ੍ਹਾਂ ਹੀ ਪਾਵਨ ਬਣਦੇ ਜਾਵਾਂਗੇ। ਇਸ ਤਰ੍ਹਾਂ ਦੇ ਕਈ ਬੱਚੇ ਹਨ, ਜਿਨ੍ਹਾਂ ਕੋਲ ਬੜੇ ਪੈਸੇ ਹਨ ਜੋ ਵਿਆਜ ਮਿਲਦਾ ਰਹੇ। ਬਾਪ ਨੂੰ ਯਾਦ ਕਰਦੇ ਰੋਟੀ ਟੁੱਕੜ ਖਾਂਦੇ ਰਹਿਣ, ਬੱਸ। ਪ੍ਰੰਤੂ ਮਾਇਆ ਯਾਦ ਕਰਨ ਨਹੀਂ ਦਿੰਦੀ। ਕਲਪ ਪਹਿਲਾਂ ਜਿਸਨੇ ਜਿਨ੍ਹਾਂ ਪੁਰਸ਼ਾਰਥ ਕੀਤਾ ਹੋਏਗਾ ਉਹ ਉਤਨਾ ਹੀ ਕਰਨਗੇ। ਟਾਈਮ ਲਗਦਾ ਹੈ। ਕੋਈ ਜਲਦੀ ਦੌੜ ਲਗਾ ਕੇ ਪਹੁੰਚ ਜਾਣ, ਇਦਾਂ ਤਾਂ ਹੋ ਨਹੀਂ ਸਕਦਾ। ਇਸ ਵਿੱਚ ਤਾਂ ਦੋ ਬਾਪ ਹਨ। ਬੇਹੱਦ ਦੇ ਬਾਪ ਨੂੰ ਆਪਣਾ ਸ਼ਰੀਰ ਹੈ ਨਹੀਂ। ਉਹ ਇਸ ਵਿੱਚ ਪ੍ਰਵੇਸ਼ ਹੋ ਕੇ ਗੱਲ ਕਰਦੇ ਹਨ। ਤਾਂ ਬਾਪ ਦੀ ਸ਼੍ਰੀਮਤ ਤੇ ਚਲਣਾ ਪਵੇ। ਬਾਪ ਬੱਚਿਆਂ ਨੂੰ ਸ਼੍ਰੀਮਤ ਦਿੰਦੇ ਹਨ ਕਿ ਦੇਹ ਸਮੇਤ ਦੇਹ ਦੇ ਸਾਰੇ ਧਰਮਾਂ ਨੂੰ ਛੱਡ ਆਪਣੇ ਨੂੰ ਆਤਮਾ ਸਮਝੋ। ਤੁਸੀਂ ਪਵਿੱਤਰ ਆਏ ਸੀ। 84 ਜਨਮ ਲੈਂਦੇ -ਲੈਂਦੇ ਤੁਹਾਡੀ ਆਤਮਾ ਪਤਿਤ ਬਣੀ ਹੈ। ਹੁਣ ਪਾਵਨ ਬਣਨ ਲਈ ਸ਼੍ਰੀਮਤ ਤੇ ਚੱਲੋ, ਫਿਰ ਬਾਪ ਗਰੰਟੀ ਕਰਦੇ ਹਨ ਕਿ ਤੁਹਾਡੇ ਪਾਪ ਕੱਟੇ ਜਾਣਗੇ, ਤੁਹਾਡੀ ਆਤਮਾ ਕੰਚਨ ਬਣ ਜਾਵੇਗੀ, ਤੇ ਫਿਰ ਉੱਥੇ ਸ਼ਰੀਰ ਵੀ ਕੰਚਨ ਮਿਲੇਗਾ। ਜੋ ਇਸ ਕੁੱਲ ਦਾ ਹੋਵੇਗਾ ਉਹ ਤੁਹਾਡੀਆਂ ਗੱਲਾਂ ਸੁਣ ਕੇ ਸੋਚ ਵਿੱਚ ਪੈ ਜਾਵੇਗਾ, ਕਹੇਗਾ ਤੁਹਾਡੀ ਗੱਲ ਤਾਂ ਠੀਕ ਹੈ। ਪਾਵਨ ਬਣਨਾ ਹੈ ਤਾਂ ਕਿਸੇ ਨੂੰ ਦੁੱਖ ਨਹੀਂ ਦੇਣਾ ਚਾਹੀਦਾ। ਮਨਸਾ, ਵਾਚਾ, ਕਰਮਣਾ ਪਵਿੱਤਰ ਜਰੂਰ ਬਣਨਾ ਹੈ। ਮਨਸਾ ਵਿੱਚ ਤੂਫ਼ਾਨ ਆਉਣਗੇ। ਤੁਸੀਂ ਬੇਹੱਦ ਦੀ ਬਾਦਸ਼ਾਹੀ ਲੈਂਦੇ ਹੋ ਨਾ, ਤੁਸੀਂ ਭਲਾ ਸੱਚ ਦੱਸੋ ਜਾਂ ਨਾ ਦੱਸੋ ਪ੍ਰੰਤੂ ਬਾਪ ਖੁੱਦ ਕਹਿੰਦੇ ਹਨ - ਮਾਇਆ ਦੇ ਬੜੇ ਵਿਕਲਪ ਆਉਣਗੇ, ਪ੍ਰੰਤੂ ਕਰਮਿੰਦ੍ਰੀਆਂ ਦੇ ਨਾਲ ਕੋਈ ਵਿਕਰਮ ਨਹੀਂ ਕਰਨਾ ਹੈ। ਕਰਮਿੰਦ੍ਰਿਆਂ ਦੇ ਨਾਲ ਕੋਈ ਪਾਪ ਨਹੀਂ ਕਰਨਾ ਹੈ।

ਇਹ ਕੰਨਟ੍ਰਾਂਸਟ ਦੀ ਗੱਲ ਚੰਗੀ ਤਰ੍ਹਾਂ ਲਿੱਖਣੀ ਚਾਹੀਦੀ ਹੈ। ਸ਼੍ਰੀਕ੍ਰਿਸ਼ਨ ਪੂਰੇ 84 ਜਨਮ ਲੈਂਦੇ ਹਨ ਅਤੇ ਸ਼ਿਵ ਪੁਨਰਜਨਮ ਨਹੀਂ ਲੈਂਦੇ ਹਨ। ਉਹ ਸਰਵਗੁਣ ਸੰਪੰਨ ਦੇਵਤਾ ਹੈ, ਇਹ ਤਾਂ ਹੈ ਹੀ ਬਾਪ। ਤੁਸੀਂ ਦੇਖਿਆ ਹੈ ਕਿ ਪਾਂਡਵਾਂ ਦੇ ਚਿੱਤਰ ਕਿੰਨੇ ਵੱਡੇ -ਵੱਡੇ ਬਣਾਏ ਹਨ। ਇਸਦਾ ਮਤਲਬ ਇਹ ਕਿ ਉਹ ਬਹੁਤ ਵੱਡੀ ਵਿਸ਼ਾਲ ਬੁੱਧੀ ਵਾਲੇ ਸਨ। ਬੁੱਧੀ ਵੱਡੀ ਸੀ, ਇਸਲਈ ਉਨ੍ਹਾਂ ਨੇ ਸ਼ਰੀਰ ਵੱਡਾ ਦਿਖਾ ਦਿੱਤਾ ਹੈ। ਤੁਹਾਡੇ ਵਰਗੀ ਵਿਸ਼ਾਲ ਬੁੱਧੀ ਕਿਸੇ ਦੀ ਹੋ ਨਹੀਂ ਸਕਦੀ। ਤੁਹਾਡੀ ਹੈ ਇਸ਼ਵਰੀਏ ਬੁੱਧੀ। ਭਗਤੀ ਵਿੱਚ ਕਿੰਨੇ ਵੱਡੇ-2 ਚਿੱਤਰ ਬਣਾ ਕੇ ਪੈਸੇ ਬਰਬਾਦ ਕਰਦੇ ਹਨ। ਕਿੰਨੇ ਵੇਦ, ਸ਼ਾਸਤਰ, ਉਪਨਿਸ਼ਦ ਬਣਾ ਕੇ ਖਰਚਾ ਕੀਤਾ। ਬਾਪ ਕਹਿੰਦੇ ਤੁਸੀਂ ਕਿੰਨੇ ਪੈਸੇ ਗਵਾਉਂਦੇ ਆਏ ਹੋ। ਬੇਹੱਦ ਦਾ ਬਾਪ ਉਲਾਹਨਾ ਦਿੰਦੇ ਹਨ। ਤੁਸੀਂ ਫੀਲ ਕਰਦੇ ਹੋ ਬਾਬਾ ਨੇ ਪੈਸੇ ਬਹੁਤ ਦਿੱਤੇ। ਰਾਜਯੋਗ ਸਿਖਾ ਕੇ ਰਾਜਾਵਾਂ ਦਾ ਰਾਜਾ ਬਣਾਇਆ। ਉਹ ਜਿਸਮਾਨੀ ਪੜਾਈ ਪੜ੍ਹਕੇ ਬੈਰਿਸਟਰ ਆਦਿ ਬਣਦੇ ਹਨ, ਫਿਰ ਉਸ ਨਾਲ ਕਮਾਈ ਹੁੰਦੀ ਹੈ। ਇਸਲਈ ਕਹਿੰਦੇ ਹਨ ਨਾਲੇਜ ਸੋਰਸ ਆਫ਼ ਇਨਕਮ ਹੈ। ਇਹ ਇਸ਼ਵਰੀਏ ਪੜਾਈ ਵੀ ਸੋਰਸ ਆਫ਼ ਇਨਕਮ ਹੈ, ਜਿਸ ਨਾਲ ਬੇਹੱਦ ਦੀ ਬਾਦਸ਼ਾਹੀ ਮਿਲਦੀ ਹੈ। ਭਾਗਵਤ, ਰਮਾਇਣ ਆਦਿ ਵਿੱਚ ਕੋਈ ਨਾਲਜ ਨਹੀਂ ਹੈ। ਏਮ ਆਬਜੈਕਟ ਕੁਝ ਨਹੀਂ ਹੈ। ਬਾਪ ਜੋ ਨੋਲਜਫੁੱਲ ਹਨ ਉਹ ਬੈਠ ਤੁਹਾਨੂੰ ਸਮਝਾਉਂਦੇ ਹਨ। ਇਹ ਹੈ ਬਿਲਕੁੱਲ ਨਵੀਂ ਪੜਾਈ। ਉਹ ਵੀ ਕੌਣ ਪੜਾਉਂਦੇ ਹਨ? ਭਗਵਾਨ। ਨਵੀਂ ਦੁਨੀਆਂ ਦਾ ਮਾਲਿਕ ਬਨਾਉਣ ਦੇ ਲਈ ਪੜਾਉਂਦੇ ਹਨ। ਇਨ੍ਹਾਂ ਲਕਸ਼ਮੀ-ਨਰਾਇਣ ਨੇ ਇਸ ਪੜਾਈ ਦੇ ਨਾਲ ਉੱਚ ਪਦ ਪਾਇਆ ਹੈ। ਕਿੱਥੇ ਰਜਾਈ ਕਿੱਥੇ ਪ੍ਰਜਾ। ਕਿਸੇ ਦੀ ਤਕਦੀਰ ਖੁੱਲ ਜਾਵੇ ਤਾਂ ਬੇੜਾ ਪਾਰ ਹੈ। ਸਟੂਡੈਂਟ ਸਮਝ ਸਕਦੇ ਹਨ ਕਿ ਅਸੀਂ ਪੜ੍ਹਦੇ ਹਾਂ ਅਤੇ ਫਿਰ ਪੜਾ ਸਕਦੇ ਹਾਂ ਜਾਂ ਨਹੀਂ। ਪੜਾਈ ਤੇ ਪੂਰਾ ਅਟੈਂਸ਼ਨ ਦੇਣਾ ਚਾਹੀਦਾ ਹੈ। ਪੱਥਰਬੁੱਧੀ ਹੋਣ ਦੇ ਕਾਰਣ ਕੁਝ ਸਮਝਦੇ ਨਹੀਂ ਹਨ। ਤੁਹਾਨੂੰ ਬਣਨਾ ਹੈ ਸੋਨੇ ਦੀ ਬੁੱਧੀ। ਉਹ ਉਹਨਾਂ ਦੀ ਬਣੇਗੀ ਜੋ ਸਰਵਿਸ ਵਿੱਚ ਰਹਿਣਗੇ। ਬੈਜ ਤੇ ਵੀ ਕਿਸੇ ਨੂੰ ਸਮਝਾ ਸਕਦੇ ਹੋ। ਬੇਹੱਦ ਦੇ ਬਾਪ ਕੋਲੋਂ ਬੇਹੱਦ ਦਾ ਵਰਸਾ ਲਵੋ। ਭਾਰਤ ਸਵਰਗ ਸੀ। ਕੱਲ ਦੀ ਗੱਲ ਹੈ ਨਾ। ਕਿੱਥੇ 5 ਹਜ਼ਾਰ ਸਾਲ ਦੀ ਗੱਲ ਅਤੇ ਕਿੱਥੇ ਲੱਖਾਂ ਸਾਲ ਦੀ ਗੱਲ। ਕਿੰਨਾ ਫਰਕ ਹੈ। ਤੁਸੀਂ ਸਮਝਾਉਂਦੇ ਹੋ ਫਿਰ ਵੀ ਸਮਝਦੇ ਨਹੀਂ ਹਨ ਜਿਵੇਂ ਕਿ ਪੱਥਰਬੁੱਧੀ ਹਨ। ਇਹ ਬੈਜ ਹੀ ਤੁਹਾਡੇ ਲਈ ਜਿਵੇਂ ਕਿ ਇੱਕ ਗੀਤਾ ਹੈ, ਇਸ ਵਿੱਚ ਸਾਰੀ ਪੜਾਈ ਹੈ। ਮਨੁੱਖਾਂ ਨੂੰ ਤਾਂ ਭਗਤੀ ਮਾਰਗ ਦੀ ਗੀਤਾ ਹੀ ਯਾਦ ਰਹਿੰਦੀ ਹੈ। ਹੁਣ ਤੁਸੀਂ ਜੋ ਬਾਪ ਦਵਾਰਾ ਗੀਤਾ ਸੁਣਦੇ ਹੋ ਉਸ ਨਾਲ 21 ਜਨਮ ਦੇ ਲਈ ਸਦਗਤੀ ਨੂੰ ਪਾਉਂਦੇ ਹੋ। ਸ਼ੁਰੂ-ਸ਼ੁਰੂ ਵਿੱਚ ਤੁਸੀਂ ਹੀ ਗੀਤਾ ਪੜੀ ਹੈ। ਪੂਜਾ ਵੀ ਤੁਸੀਂ ਹੀ ਸ਼ੁਰੂ ਕੀਤੀ ਹੈ। ਹੁਣ ਪੁਰਸ਼ਾਰਥ ਕਰ ਗਰੀਬਾਂ ਨੂੰ ਭਗਤੀ ਮਾਰਗ ਦੀਆਂ ਜ਼ੰਜੀਰਾਂ ਤੋਂ ਛੁੜਾਉਣਾ ਹੈ। ਕਿਸੇ ਨਾ ਕਿਸੇ ਨੂੰ ਸਮਝਾਉਂਦੇ ਰਹੋ। ਉਨ੍ਹਾਂ ਵਿਚੋਂ ਕੋਈ ਇਕ ਦੋ ਨਿਕਲਣਗੇ। ਜੇਕਰ 5-6 ਇਕੱਠੇ ਆਉਂਦੇ ਹਨ ਤਾਂ ਕੋਸ਼ਿਸ਼ ਕਰੋ ਵੱਖ-ਵੱਖ

ਫ਼ਾਰਮ ਭਰਵਾਓ, ਵੱਖ-2 ਸਮਝਾਉਣਾ ਚਾਹੀਦਾ ਹੈ। ਉਨ੍ਹਾਂ ਵਿੱਚ ਵੀ ਨਹੀਂ ਤਾਂ ਕੋਈ ਇੱਦਾਂ ਦਾ ਹੋਵੇਗਾ ਜੋ ਬਾਕੀਆਂ ਨੂੰ ਖਰਾਬ ਕਰ ਦਵੇਗਾ। ਫ਼ਾਰਮ ਤਾਂ ਜਰੂਰ ਵੱਖ ਭਰਵਾਓ। ਇੱਕ ਦੂਸਰੇ ਨੂੰ ਵੇਖਣ ਵੀ ਨਹੀਂ ਤਾਂ ਉਹ ਸਮਝ ਸਕਣਗੇ। ਇਹ ਸਭ ਯੁਕਤੀਆਂ ਚਾਹੀਦੀਆਂ ਹਨ ਫਿਰ ਤੁਸੀਂ ਸਕਸੈਸਫੁੱਲ ਹੁੰਦੇ ਜਾਓਗੇ।

ਬਾਪ ਵੀ ਵਪਾਰੀ ਹੈ, ਜਿਹੜੇ ਹੁਸ਼ਿਆਰ ਹੋਣਗੇ ਉਹ ਚੰਗਾ ਵਪਾਰ ਕਰਨਗੇ। ਬਾਪ ਕਿੰਨਾ ਫਾਇਦੇ ਵਿੱਚ ਲੈ ਜਾਂਦੇ ਹਨ। ਝੁੰਡ ਇਕੱਠਾ ਆਵੇ ਤਾਂ ਬੋਲੋ ਕਿ ਫ਼ਾਰਮ ਵੱਖ-ਵੱਖ ਭਰਨਾ ਹੈ। ਜੇਕਰ ਸਭ ਰਿਲਿਜ਼ਸ ਮਾਈਂਡ ਹੋਣ ਤਾਂ ਇਕੱਠਾ ਬਿਠਾ ਕੇ ਪੁੱਛਣਾ ਚਾਹੀਦਾ ਹੈ। ਗੀਤਾ ਪੜੀ ਹੈ? ਦੇਵਤਾਵਾਂ ਨੂੰ ਮੰਨਦੇ ਹੋ? ਬਾਬਾ ਨੇ ਕਿਹਾ ਹੈ ਕਿ ਭਗਤਾਂ ਨੂੰ ਹੀ ਸੁਨਾਉਣਾ ਹੈ। ਮੇਰੇ ਭਗਤ ਅਤੇ ਦੇਵਤਾਵਾਂ ਦੇ ਭਗਤ ਜਲਦੀ ਸਮਝਣਗੇ। ਪੱਥਰਾਂ ਨੂੰ ਪਾਰਸ ਬਨਾਉਣਾ ਕੋਈ ਮਾਸੀ ਦਾ ਘਰ ਨਹੀਂ ਹੈ। ਦੇਹ - ਅਭਿਮਾਨ ਕੜੇ ਤੇ ਕੜੀ ਬੜੀ ਗੰਦੀ ਬਿਮਾਰੀ ਹੈ। ਜਦੋਂ ਤੱਕ ਦੇਹ ਅਭਿਮਾਨ ਨਹੀਂ ਟੁੱਟੇਗਾ ਉਦੋਂ ਤੱਕ ਸੁਧਰਨਾ ਬੜਾ ਔਖਾ ਹੈ। ਇਸ ਵਿੱਚ ਪੂਰਾ ਨਰਾਇਣੀ ਨਸ਼ਾ ਚਾਹੀਦਾ ਹੈ। ਅਸੀਂ ਅਸ਼ਰੀਰੀ ਆਏ, ਅਸ਼ਰੀਰੀ ਬਣ ਕੇ ਜਾਣਾ ਹੈ। ਇੱਥੇ ਕੀ ਰੱਖਿਆ ਹੈ। ਬਾਪ ਨੇ ਕਿਹਾ ਹੈ ਮੈਨੂੰ ਯਾਦ ਕਰੋ। ਇਸ ਵਿੱਚ ਮਿਹਨਤ ਹੈ ਵੱਡੀ ਮੰਜਿਲ ਹੈ। ਚਲਣ ਤੋਂ ਪਤਾ ਲਗ ਜਾਂਦਾ ਹੈ ਕਿ ਇਹ ਚੰਗੇ ਮਦਦਗਾਰ ਬਣਨਗੇ ਕਲਪ ਪਹਿਲਾਂ ਦੀ ਤਰ੍ਹਾਂ। ਅੱਛਾ।

ਮਿੱਠੇ-ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਮਨਸਾ, ਵਾਚਾ, ਕਰਮਨਾ ਪਵਿੱਤਰ ਰਹਿਣਾ ਹੈ। ਕਰਮਿੰਦ੍ਰਿਆਂ ਨਾਲ ਕੋਈ ਵਿਕਰਮ ਨਾ ਹੋਵੇ - ਇਸਦੀ ਸੰਭਾਲ ਕਰਨੀ ਹੈ। ਆਤਮਾ ਨੂੰ ਕੰਚਨ ਬਣਾਉਣ ਦੇ ਲਈ ਯਾਦ ਵਿੱਚ ਜਰੂਰ ਰਹਿਣਾ ਹੈ।

2. ਦੇਹ ਅਭਿਮਾਨ ਦੀ ਕੜੀ ਬਿਮਾਰੀ ਤੋਂ ਛੁੱਟਣ ਲਈ ਨਰਾਇਣੀ ਨਸ਼ੇ ਵਿੱਚ ਰਹਿਣਾ ਹੈ। ਅਭਿਆਸ ਕਰੋ ਅਸੀਂ ਅਸ਼ਰੀਰੀ ਆਏ ਸੀ, ਹੁਣ ਅਸ਼ਰੀਰੀ ਬਣ ਕੇ ਵਾਪਿਸ ਜਾਣਾ ਹੈ।

ਵਰਦਾਨ:- ਯੋਗ ਕਰਨ ਅਤੇ ਕਰਵਾਉਣ ਦੀ ਯੋਗਿਯਤਾ ਦੇ ਨਾਲ - ਨਾਲ ਪ੍ਰਯੋਗੀ ਆਤਮਾ ਭਵ।

ਬਾਪਦਾਦਾ ਨੇ ਵੇਖਿਆ ਬੱਚੇ ਯੋਗ ਕਰਨ ਅਤੇ ਕਰਵਾਉਣ ਦੋਵਾਂ ਵਿੱਚ ਹੁਸ਼ਿਆਰ ਹਨ। ਤਾਂ ਜਿਵੇਂ ਯੋਗ ਕਰਨ ਅਤੇ ਕਰਵਾਉਣ ਵਿੱਚ ਯੋਗ ਹੋ, ਇਵੇਂ ਪ੍ਰਯੋਗ ਕਰਨ ਵਿੱਚ ਯੋਗ ਬਣੋ ਅਤੇ ਬਣਾਓ। ਹੁਣ ਪ੍ਰਯੋਗੀ ਜੀਵਨ ਦੀ ਲੋੜ ਹੈ। ਸਭ ਤੋਂ ਪਹਿਲੇ ਚੈਕ ਕਰੋ ਕਿ ਆਪਣੇ ਸੰਸਕਾਰ ਪਰਿਵਰਤਨ ਵਿਚ ਕਿੱਥੋਂ ਤੱਕ ਪ੍ਰਯੋਗੀ ਬਣੇ ਹੋ? ਕਿਉਂਕਿ ਸ੍ਰੇਸ਼ਠ ਸੰਸਕਾਰ ਹੀ ਸ੍ਰੇਸ਼ਠ ਸੰਸਾਰ ਦੇ ਰਚਨਾ ਦੀ ਨੀਵ ਹਨ। ਜੇਕਰ ਨੀਵ ਮਜਬੂਤ ਹੈ ਤਾਂ ਦੂਜੀਆਂ ਸਭ ਗੱਲਾਂ ਖੁਦ ਹੀ ਮਜਬੂਤ ਹੋਈਆਂ ਪਈਆਂ ਹਨ।

ਸਲੋਗਨ:- ਅਨੁਭਵੀ ਆਤਮਾਵਾਂ ਕਦੇ ਵਾਯੂਮੰਡਲ ਜਾਂ ਸੰਗ ਦੇ ਰੰਗ ਵਿੱਚ ਨਹੀਂ ਆ ਸਕਦੀ।

******

ਅਵਿਅਕਤੀ ਸਾਇਲੇਂਸ ਦਵਾਰਾ ਡਬਲ ਲਾਈਟ ਫਰਿਸ਼ਤਾ ਸਥਿਤੀ ਦਾ ਅਨੁਭਵ ਕਰੋ।

ਸਦਾ ਖੁਸ਼ੀ ਵਿੱਚ ਝੂਲਣ ਵਾਲੇ ਸਰਵ ਦੇ ਵਿਘਨ ਹਰਤਾ ਅਤੇ ਸਰਵ ਦੀ ਮੁਸ਼ਕਿਲ ਨੂੰ ਸਹਿਜ ਕਰਨ ਵਾਲੇ ਤਾਂ ਬਣੋਗੇ ਜਦੋਂ ਸੰਕਲਪਾਂ ਵਿੱਚ ਦ੍ਰਿੜਤਾ ਹੋਵੇਗੀ ਅਤੇ ਸਥਿਤੀ ਵਿਚ ਡਬਲ ਲਾਈਟ ਹੋਵੋਗੇ। ਮੇਰਾ ਕੁਝ ਨਹੀਂ, ਸਭ ਕੁਝ ਬਾਪ ਦਾ ਹੈ। ਜਦੋਂ ਬੋਝ ਆਪਣੇ ਉਪਰ ਰੱਖਦੇ ਹੋ ਤਾਂ ਸਭ ਤਰ੍ਹਾਂ ਦੇ ਵਿਘਨ ਆਉਂਦੇ ਹਨ। ਮੇਰਾ ਨਹੀਂ ਤਾਂ ਨਿਰਵਿਘਨ।